## ਅਨੁਲਗ - 6

## ਨਿਰਦੇਸ਼ਕ ਨੋਟ - ਨਿਵੇਸ਼ਕਾਂ ਲਈ ਐਕਸਚੇਂਜ(ਜਾਂ) 'ਤੇ ਵਪਾਰ ਕਰਨ ਲਈ ਕੀ ਕਰਨਾ ਹੈ ਅਤੇ ਕੀ ਨਹੀਂ

**ਇਸ ਤੋਂ ਪਹਿਲਾਂ ਕਿ ਤੁਸੀਂ ਵਪਾਰ ਸ਼ੁਰੂ ਕਰੋ:**

1. ਪੱਕਾ ਕਰੋ ਕਿ ਤੁਸੀਂ ਕੇਵਲ SEBI ਰਜਿਸਟਰਦ ਵਿਚੋਲਿਆਂ ਦੇ ਨਾਲ ਅਤੇ ਰਾਹੀਂ ਹੀ ਕੰਮ ਕਰੋ। ਤੁਸੀਂ ਸਟਾੱਕ ਐਸਕਚੇਂਜ ਦੀ ਵੈਬਸਾਈਟ www.exchange.com ਅਤੇ SEBI ਦੀ ਵੈਬਸਾਈਟ www.sebi.gov.in `ਤੇ ਉਪਲਬਧ ਸੂਚੀ ਤੋਂ ਉਹਨਾਂ ਦਾ SEBI ਰਜਿਸਟ੍ਰੇਸ਼ਨ ਸਰਟੀਫਿਕੇਟ ਨੰਬਰ ਚੈਕ ਕਰ ਸਕਦੇ ਹੋ।
2. ਯਕੀਨੀ ਕਰੋ ਕਿ ਤੁਸੀਂ KYC ਫਾਰਮ ਨੂੰ ਪੂਰਾ ਭਰੋ ਅਤੇ KYC ਫਾਰਮ ਵਿੱਚ ਖਾਲੀ ਥਾਵਾਂ ਤੇ ਨਿਸ਼ਾਨ ਲਗਾਓ।
3. ਯਕੀਨੀ ਕਰੋ ਕਿ ਤੁਸੀਂ ਸਾਰੇ ਜ਼ਰੂਰੀ ਦਸਤਾਵੇਜ਼ ਪੜ੍ਹ ਲਏ ਹਨ, ਜਿਵੇਂ ਅਧਿਕਾਰ ਅਤੇ ਜਿੰਮੇਵਾਰੀਆਂ, ਰਿਸਕ ਡਿਸਕਲੋਜ਼ਰ ਦਸਤਾਵੇਜ਼, ਸਟਾੱਕ ਬ੍ਰੋਕਰ ਦਾ ਪਾਲਿਸੀ ਅਤੇ ਪ੍ਰਕਿਰਿਆ ਦਸਤਾਵੇਜ਼।
4. ਤੁਹਾਡੇ ਅਤੇ ਸਟਾੱਕ ਬ੍ਰੋਕਰ ਵਿਚਕਾਰ ਸਵੀਕਾਰੇ ਕੋਈ ਵੀ ਸ੍ਵੈ-ਇੱਛਕ ਉਪਵਾਰ ਹੋਣ ਜੇ ਹੋਣ ਤਾਂ ਉਹਨਾਂ ਨੂੰ ਧਿਆਨ ਨਾਲ ਪੜਣਾ, ਸਮਝਣਾ ਅਤੇ ਫੇਰ ਦਸਤਖਤ ਕਰਨਾ ਯਕੀਨੀ ਕਰੋ। ਧਿਆਨ ਰੱਖੋ ਕਿ ਤੁਹਾਡੇ ਅਤੇ ਸਟਾੱਕ ਬ੍ਰੋਕਰ ਵਿਚਕਾਰ ਸਵੀਕਾਰੇ ਉਪਵਾਕ ਤੁਹਾਡੀ ਸਹਿਮਤੀ ਦੇ ਬਿਨ੍ਹਾਂ ਬਦਲੀ ਨਹੀਂ ਕੀਤੇ ਜਾ ਸਕਦੇ।
5. ਵਪਾਰ ਕਰਨ ਲਈ ਬ੍ਰੋਕਰ ਨੇ ਤੁਹਾਡੇ ਕੋਲੋਂ ਕੀ ਬ੍ਰੋਕਰੇਜ, ਕਮੀਸ਼ਨ, ਫੀਸ ਅਤੇ ਹੋਰ ਚਾਰਜ ਲਏ ਹਨ ਅਤੇ SEBI / ਸਟਾੱਕ ਐਕਸਚੇਂਜ ਦੁਆਰਾ ਨਿਰਦੇਸ਼ਿਤ ਢੁੱਕਵੇਂ ਪ੍ਰਯੋਜਨ/ਸੇਧਾਂ ਬਾਰੇ ਸਪਸ਼ਟ ਤੌਰ ਤੇ ਜਾਣੋ।
6. ਤੁਹਾਡੇ ਦੁਆਰਾ ਅਮਲ ਸਾਰੇ ਦਸਤਾਵੇਜ਼ਾਂ ਦਾ ਉਤਾਰਾ ਸਟਾੱਕ ਬ੍ਰੋਕਰ ਤੋਂ ਮੁਫਤ ਪ੍ਰਾਪਤ ਕਰੋ।
7. ਜੇ ਤੁਸੀਂ ਸਟਾੱਕ ਬ੍ਰੋਕਰ ਦੇ ਪੱਖ ਵਿੱਚ, ਉਸ ਨੂੰ ਆਪਣਾ ਬੈਂਕ ਅਤੇ ਡੀਮੈਟ ਖਾਰਾ ਚਲਾਉਣ ਹਿਤ, ਪਾਵਰ ਆਫ ਐਟੋਰਨੀ (POA) ਕਰਨਾ ਚਾਹੁੰਦੇ ਹੋ, ਤਾਂ ਇਸ ਮਾਮਲੇ ਵਿੱਚ SEBI/ਐਕਸਚੇਂਜਸ ਦੁਆਰਾ ਜਾਰੀ ਸੇਧਾਂ ਵੇਖੋ।

**ਲੈਣ-ਦੇਣ ਅਤੇ ਨਿਪਟਾਰਾ**

8. ਜੇ ਤੁਹਾਡੇ ਵਲੋਂ ਲਿਖਤੀ ਰੂਪ ਵਿੱਚ ਖਾਸ ਅਧਿਕਰਨ ਹੋਇਆ ਹੈ ਤਾਂ ਸਟਾੱਕ ਬ੍ਰੋਕਰ ਇਲੈਕਟ੍ਰਾਨਿਕ ਕੌਨਟ੍ਰੈਲਟ ਨੋਟ (ECN) ਪੇਸ਼ ਕਰ ਸਕਦਾ ਹੈ। ਤੁਸੀਂ ਇਸ ਵਾਸਤੇ ਸਟਾੱਕ ਬ੍ਰੋਕਰ ਨੂੰ ਆਪਣਾ ਈ-ਮੇਲ ਆਈਡੀ ਦੇ ਸਰਦੇ ਹੋ। ਜੇ ਤਸੀਂ ਕੰਪਿਯੂਟਰਸ ਤੋਂ ਜਾਣੂ ਨਹੀਂ ਹੋ ਤਾਂ ECN ਦੀ ਚੋਣ ਨਾ ਕਰੋ।
9. ਕਿਸੇ ਨਾਲ ਵੀ ਆਪਣਾ ਇੰਟਰਨੈਟ ਵਪਾਰ ਖਾਤਾ ਪਾਸਵਰਡ ਸਾਂਝਾ ਨਾ ਕਰੋ।
10. ਸਟਾੱਕ ਬ੍ਰੋਕਰ ਨੂੰ ਕੋਈ ਵੀ ਭੁਗਤਾਨ ਨਕਦ ਵਿੱਚ ਨਾ ਕਰੋ।
11. ਸਾਰੇ ਭੁਗਤਾਨ ਸਟਾੱਕ ਬ੍ਰੋਕਰ ਦੇ ਹੱਕ ਵਿੱਚ ਅਕਾਉਂਟ ਪੇਈ ਚੈਕ ਦੁਆਰਾ ਕਰੋ। ਸਬ-ਬ੍ਰੋਕਰ ਦੇ ਨਾਮ 'ਤੇ ਚੈਕ ਨਾ ਦਿਓ। ਯਕੀਨੀ ਕਰੋ ਕਿ ਸਟਾੱਕ ਬ੍ਰੋਕਰ ਦੇ ਨਾਲ ਤੁਹਾਡੇ ਕੋਲ ਤੁਹਾਡੇ ਭੁਗਤਾਨ/ਸਕਿਓਰਟੀਜ਼ ਵਿੱਚ ਦਸਤਾਵੇਜ਼ੀ ਸਬੂਤ ਜਮ੍ਹਾਂ ਹੈ, ਜਿਸ ਵਿੱਚ ਸ਼ਾਮਲ ਹਨ ਤਾਰੀਖ, ਸਕ੍ਰਿਪਟ, ਮਾਤ੍ਰਾ, ਐਸੀ ਰਕਮ ਜਾਂ ਸਕਿਓਰਟੀਜ਼ ਜੋ ਕਿਸੇ ਬੈਂਕ/ਡੀਮੈਟ ਖਾਤੇ ਵਿੱਚ ਜਮ੍ਹਾ ਹੋਈ ਹੈ ਅਤੇ ਕਿਹੜੇ ਬੈਂਕ/ਡੀਮੈਂਅ ਖਾਤੇ ਤੋਂ ਜਮ੍ਹਾਂ ਹੈ।
12. ਧਿਆਨ ਦਿਓ ਕਿ ਸਟਾੱਕ ਐਕਸਚੇਂਜ ਦੀ ਵੈਬਸਾਈਟਾਂ 'ਤੇ ਵਪਾਰ ਪੁਸ਼ਟੀ ਦੀ ਸਹੂਲਤ ਉਪਲਬਧ ਹੈ, ਜਿੱਥੇ ਕੌਨਟ੍ਰੈਕਟ ਵਿੱਚ ਦੱਸੇ ਮੁਤਾਬਕ ਵਪਾਰ ਦੇ ਵੇਰਵੇ ਦੀ ਪੁਸ਼ਟੀ ਹੋ ਸਕਦੀ ਹੈ। ਜਿੱਥੇ ਵੈਬਸਾਈਟ ਉਪਰ ਵੇਰਵਾ ਕੌਨਟ੍ਰੈਕਟ ਵਿੱਚ ਦੱਸੇ ਮੁਤਾਬਕ ਵਪਾਰ ਦੇ ਵੇਰਵੇ ਨਾਲ ਮੇਲ ਨਹੀ ਖਾਂਦਾ ਤਾਂ ਝੱਟ ਨਿਵੇਸ਼ ਰੋਸ ਸੈੱਲ ਜਾਂ ਢੁੱਕਵੇਂ ਸਟਾੱਕ ਐਕਸਚੇਂਜ ਨਾਲ ਸੰਪਰਕ ਕਰੋ।
13. ਜੇਕਰ ਤੁਸੀਂ ਚਾਲੂ ਖਾਤਾ ਬਣਾਈ ਰੱਖਣ ਲਈ ਖਾਸ ਅਧਿਕਾਰ ਦਿੱਤਾ ਹੈ, ਸਟਾੱਕ ਐਕਸਚੇਂਜ ਦੁਆਰਾ ਪੇਆਉਟ ਮਿਲਣ ਦੀ ਤਾਰੀਖ ਤੋਂ ਇੱਕ ਕਾਰਜੀ ਦਿਨ ਦੇ ਅੰਦਰ ਤੁਹਾਨੂੰ ਫੰਡਸ ਦਾ ਪੇਆਉਟ ਜਾਂ ਸਕਿਓਰਟੀਜ਼ ਦੀ ਡਲਿਵਰੀ (ਜੋ ਵੀ ਹੋਵੇ) ਸ਼ਾਇਦ ਨਾ ਹੋਵੇ। ਇਸ ਲਈ ਸਟਾੱਕ ਬ੍ਰੋਕਰ, ਹੇਠ ਲਿਖੀਆਂ ਸ਼ਰਤਾਂ ਦੇ ਅਧੀਨ, ਤੁਹਾਡੇ ਲਈ ਚਾਲੂ ਖਾਤਾ ਬਣਾਈ ਰੱਖੇਗਾ:
   ਏ) ਤੁਹਾਡੇ ਵਲੋਂ ਐਸੇ ਅਧਿਕਾਰ 'ਤੇ ਤੁਹਾਡੇ ਵਲੋਂ ਹੀ ਤਾਰੀਖ ਪਾਈ ਹੋਵੇ ਅਤੇ ਦਸਤਖਤ ਕੀਤੇ ਹੋਣ ਅਤੇ ਉਸ ਵਿੱਚ ਇਹ ਉਪਵਾਕ ਹੋਵੇ ਕੀ ਤੁਸੀਂ ਇਸ ਨੂੰ ਕਿਸੇ ਵੀ ਸਮੇਂ ਵਾਪਸ ਲੈ ਸਕਦੇ ਹੋ।
   ਬੀ) ਤੁਹਾਡੀ ਪਸੰਦ ਮੁਤਾਬਕ, ਮਹਿਨੇ ਵਿੱਚ ਘੱਟ ਤੋਂ ਘੱਟ ਇੱਕ ਵਾਰ, ਫੰਡਸ ਅਤੇ ਸਕਿਓਰਟੀਜ਼ ਦਾ ਨਿਪਟਾਰਾ ਸਟਾੱਕ ਬ੍ਰੋਕਰ ਦੁਆਰਾ ਕੀਤਾ

ਜਾਵੇ। ਖਾਤੇ ਦਾ ਨਿਪਟਾਰਾ ਕਰਦਿਆਂ, ਸਟਾੱਕ ਬ੍ਰੋਕਰ ਤੁਹਾਨੂੰ 'ਖਾਤਿਆਂ ਦਾ ਸਟੈਟਮੇਂਟ' ਭੇਜੇਗਾ ਜਿਸ ਵਿਚ ਹੋਵੇਗਾ ਫੰਡਸ ਲਈ ਗਾਹਕ ਲੈਜਰ ਤੋਂ ਸੰਖੇਪ ਵੇਰਵਾ ਅਤੇ ਸਕਿਓਰਟੀਜ਼ ਦੇ ਰਜਿਸਟਰ ਤੋਂ ਸਾਰੀਆਂ ਰਸੀਦਾਂ/ਫੰਡਸ ਅਤੇ ਸਕਿਓਰਟੀਜ਼ ਦੀ ਡਲਿਵਰੀ ਵਿਖਾਉਂਦਾ ਸੰਖੇਪ ਵੇਰਵਾ। ਸਟੈਟਮੇਂਟ ਰੱਖੇ ਗਏ ਫੰਡਸ ਅਤੇ ਸਕਿਓਰਟੀਜ਼ ਅਤੇ ਗਿਰਵੀ ਸ਼ੇਅਰਸ ਦਾ ਵੇਰਵਾ, ਜੇ ਹੋਣ, ਉਹ ਵੀ ਸਮਝਾਵੇਗਾ।

ਸੀ) ਨਿਪਟਾਰੇ ਦੀ ਤਾਰੀਖ ਤੇ, ਸਟਾੱਕ ਬ੍ਰੋਕਰ ਦੀਆਂ ਬਕਾਇਆ ਜਿੰਮੇਵਾਰੀਆਂ ਪ੍ਰਤੀ ਲੋੜੀਂਦਾ ਸਕਿਓਰਟੀਜ਼/ਫੰਡਸ ਰੱਖ ਸਕਦਾ ਹੈ ਅਤੇ ਐਸੇ ਫੰਡਸ ਵੀ ਰੱਖ ਸਕਦਾ ਹੈ ਜਿਸ ਦੀ ਅਗਲੇ ਵਪਾਰ ਵਾਲੇ ਦਿਨਾਂ ਲਈ ਡੈਰੀਵੇਟਿਵਸ ਮਾਰਜਿਨ ਜਿੰਮੇਵਾਰੀਆਂ ਦੀ ਪੂਰਤੀ ਲਈ ਸੰਭਾਵੀ ਲੋੜ ਹੋ ਸਕਦੀ ਹੈ, ਜਿਸ ਦਾ ਹਿਸਾਬ ਐਕਸਚੇਂਜ ਦੁਆਰਾ ਨਿਰਦੇਸ਼ਿਤ ਢੰਗ ਨਾਲ ਹੋਇਆ ਹੈ। ਨਕਦ ਮਾਰਕਿਟ ਲੈਣ-ਦੇਣ ਦੇ ਮਾਮਲੇ ਵਿੱਚ, ਨਿਪਟਾਰੇ ਦੀ ਤਾਰੀਖ 'ਗਾਹਕਾਂ ਵਲੋਂ ਦੇਣਯੋਗ ਫੰਡਸ ਅਤੇ ਸਕਿਓਰਟੀਜ਼ ਦੀ ਸਾਰੀ ਪੇ-ਇਨ ਜਿੰਮੇਵਾਰੀ ਸਟਾੱਕ ਬ੍ਰੋਕਰ ਆਪਣੇ ਕੋਲ ਰੱਖ ਸਕਦਾ ਹੈ ਅਤੇ ਅਗਲੇ ਦਿਨ ਦੇ ਕਾਰੋਬਾਰ ਦੇ ਲਈ, ਉਹ ਫੰਡਸ/ਸਕਿਓਰਟੀਜ਼/ਮਾਰਜਿਨ ਰੱਖ ਸਕਦਾ ਹੈ ਉਸ ਹੱਦ ਤੱਕ ਜੋ ਨਕਦ ਮਾਰਕਿਟ ਵਿੱਚ ਐਸੇ ਨਿਪਟਾਰੇ ਦੀ ਤਾਰੀਖ 'ਤੇ ਅਮਲ ਲੈਣ-ਦੇਣ ਦੀ ਮੁੱਲ ਦਾ ਹੋਵੇ।

ਡੀ) ਅਜਿਹੇ ਖਾਤੇ ਦਾ ਸਟੇਟਮੇਂਟ ਜਾਂ ਨਿਪਟਾਰਾ ਤੋਂ ਕੋਈ ਵੀ ਵਿਵਾਦ ਨੂੰ ਤੁਸੀਂ ਫੰਡਸ/ਸਕਿਓਰਟੀਜ਼ ਜਾਂ ਸਟੇਟਮੈਂਟ, ਜੋ ਵੀ ਹੋਵੇ, ਦੇ ਮਿਲਣ ਦੀ ਤਾਰੀਖ ਦੇ 7 (ਸੱਤ) ਕਾਰਜੀ ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਸਟਾੱਕ ਬ੍ਰੋਕਰ ਦੇ ਧਿਆਨ ਵਿੱਚ ਲਿਆਉਣਾ ਹੈ। ਵਿਵਾਦ ਦੇ ਮਾਮਲੇ ਵਿੱਚ, ਗੱਲ ਨੂੰ ਬਿਨ੍ਹਾਂ ਦੇਰੀ ਨਿਵੇਸ਼ਕ ਰੋਸ ਸੈੱਲ ਜਾਂ ਢੁੱਕਵੇ ਸਟਾੱਕ ਐਕਸਚੇਂਜ ਦੇ ਨਾਲ ਉਠਾਓ।

14. ਜੇ ਤੁਸੀਂ ਚਾਲੂ ਖਾਤਾ ਬਣਾਈ ਰੱਖਣ ਦੀ ਤੁਸੀਂ ਚੋਣ ਨਹੀਂ ਕੀਤੀ ਹੈ ਅਤੇ ਐਕਸਚੇਂਜ ਵਲੋਂ ਪੇਆਉਟ ਦੇ ਨਿਕਲਣ ਤੋਂ ਅਗਲੇ ਕਾਰਜੀ ਦਿਨ 'ਤੇ ਫੰਡਸ/ਸਕਿਓਰਟੀਜ਼ ਦਾ ਪੇਆਉਟ ਨਹੀਂ ਮਿਲਦਾ ਹੈ ਤਾਂ ਇਸ ਬਾਰੇ ਸਟਾੱਕ ਬ੍ਰੋਕਰ ਦੇ ਨਾਲ ਗੱਲ ਕਰੋ। ਜੇ ਕੋਈ ਵਿਵਾਦ ਹੈ ਤਾਂ ਯਕੀਨੀ ਕਰੋ ਕਿ ਨਿਵੇਸ਼ਕ ਰੋਸ ਸੈੱਲ ਜਾਂ ਢੁੱਕਵੇ ਸਟਾੱਕ ਐਕਸਚੇਂਜ ਦੇ ਕੋਲ ਤੁਸੀਂ ਸ਼ਿਕਾਇਤ ਦਰਜ ਕਰੋ।

15. ਕਿਰਪਾ ਕਰਕੇ ਸਟਾੱਕ ਬ੍ਰੋਕਰ ਦੇ ਨਾਲ ਆਪਣਾ ਮੋਬਾਇਲ ਨੰਬਰ ਅਤੇ ਈਮੇਲ ਆਈਡੀ ਰਜਿਸਟਰ ਕਰੋ ਤਾਂ ਕਿ ਤੁਹਾਨੂੰ ਸਟਾੱਕ ਐਕਸਚੇਂਜ ਤੋਂ ਵਪਾਰ ਦੇ ਦਿਨ ਦੀ ਸਮਾਪਤੀ 'ਤੇ, SMS ਜਾਂ ਈਮੇਲ ਰਾਹੀਂ ਵਪਾਰ ਪੁਸ਼ਟੀ ਐਲਰਟ/ਵੇਰਵਾ ਮਿਲਦਾ ਰਹੇ

**ਵਪਾਰਕ ਮੈਂਬਰਸ਼ਿਪ ਖਤਮ ਹੋਣ 'ਤੇ**

16. ਜੇਕਰ, ਸਟਾੱਕ ਮੈਂਬਰ ਆਪਣੀ ਮੈਂਬਰਸ਼ਿਪ ਦਾ ਤਿਆਗ ਕਰਦਾ ਹੈ, ਮੈਂਬਰਸ਼ਿਪ ਤੋਂ ਕੱਢਿਆ ਜਾਂਦਾ ਹੈ ਜਾਂ ਡਿਫਾੱਲਟ ਘੋਸ਼ਿਤ ਕੀਤਾ ਜਾਂਦਾ ਹੈ; ਸਟਾੱਕ ਐਕਸਚੇਂਜ ਪਬਲਿਕ ਨੋਟਿਸ ਦਿੰਦੇ ਹਨ ਜਿੱਥੇ ਉਹ ਕੇਵਲ ਸਟਾੱਕ ਐਕਸਚੇਂਜ ਦੇ 'ਵਪਾਰ ਸਿਸਟਮ 'ਤੇ ਕੀਤੇ ਲੈਣ-ਦੇਣ' ਸੰਬੰਧਿਤ ਦਾਅਵਿਆਂ ਦਾ ਸੱਦਾ ਦਿੰਦੇ ਹਨ। ਯਕੀਨੀ ਕਰੋ ਕਿ ਤੁਸੀਂ ਸਹਾਇਕ ਦਸਤਾਵੇਜ਼ਾਂ ਸਮੇਤ ਦਿੱਤੇ ਸਮੇਂ ਅੰਦਰ ਢੁੱਕਵੇਂ ਸਟਾੱਕ ਐਕਸਚੇਂਜ ਨਾਲ ਦਾਅਵਾ ਦਰਜ ਕਰੋ।

17. ਤੁਸੀਂ ਜੋ ਆਪਣੇ ਸਟਾੱਕ ਬ੍ਰੋਕਰ ਦੇ ਨਾਲ ਪੈਸਾ ਅਤੇ/ਜਾਂ ਸਕਿਓਰਟੀਜ਼ ਜਮ੍ਹਾ ਕਰਵਾਉਂਦੇ ਹੋ ਉਸ ਨੂੰ ਦਿੱਤੀ ਸੁਰੱਖਿਆ ਨਾਲ ਤੁਸੀਂ ਜਾਣੂ ਹੋਵੋ, ਖਾਸ ਕਰਕੇ ਉਸ ਮਾਮਲੇ ਵਿੱਚ ਜਦੋਂ ਡਿਫਾੱਲਟ ਹੁੰਦਾ ਹੈ ਜਾਂ ਸਟਾੱਕ ਬ੍ਰੋਕਰ ਸੱਖਣਾ ਜਾਂ ਦਿਵਾਲੀਆ ਹੋ ਜਾਂਦਾ ਹੈ ਅਤੇ ਕਿਸ ਹੱਦ ਤੱਕ ਤੁਸੀਂ ਐਸਾ ਪੈਸਾ ਅਤੇ/ਜਾਂ ਸਕਿਓਰਟੀਜ਼ ਦੀ ਵਸੂਲੀ ਕਰ ਸਕਦੇ ਹੋ ਇਹ ਜਿੱਥੇ ਵਪਾਰ ਹੋਇਆ ਹੈ ਉਸ ਢੁੱਕਵੇਂ ਸਟਾੱਕ ਐਕਸਚੇਂਜ ਦੇ ਉਪ-ਨਿਯਮ ਅਤੇ ਵਿਧਾਨ ਅਤੇ ਸਮੇਂ ਸਮੇਂ ਤੇ ਲਾਗੂ ਨਿਵੇਸ਼ਕ ਸੁਰੱਖਿਆ ਫੰਡ ਦੀ ਯੋਜਨਾ ਦੁਆਰਾ ਨਿਰਦੇਸ਼ਿਤ ਹੋ ਸਕਦਾ ਹੈ।

**ਵਿਵਾਦ/ਸ਼ਿਕਾਇਤਾਂ:**

18. ਕਿਰਪਾ ਕਰ ਕੇ ਧਿਆਨ ਦਿਓ ਕਿ ਸਾਲਸੀ ਕਾਰਵਾਈਆਂ, ਬ੍ਰੋਕਰਾਂ ਦੇ ਖਿਲਾਫ ਦੰਡਾਤਮਕ ਕਿਰਿਆ ਅਤੇ ਸਟਾੱਕ ਬ੍ਰੋਕਰਾਂ ਦੇ ਖਿਲਾਫ ਨਿਵੇਸ਼ਕਾਂ ਦੀਆਂ ਸ਼ਿਕਾਇਤਾਂ ਢੁੱਕਵੀਂ ਸਟਾੱਕ ਐਕਸਚੇਂਜ ਦੇ ਵੈਬਸਾਈਟ 'ਤੇ ਵਿਖਾਈਆਂ ਹਨ।

19. ਜੇ ਸੰਬੰਧਿਤ ਸਟਾੱਕ ਬ੍ਰੋਕਰ/ਸਬ-ਬ੍ਰੋਕਰ ਦੁਆਰਾ ਤੁਹਾਡੀ ਸਮੱਸਿਆ/ਤਕਲੀਫ/ਰੋਸ ਦਾ ਸਮਾਧਾਨ ਨਹੀਂ ਕੀਤਾ ਜਾਂਦਾ ਹੈ ਤਾਂ ਸੰਬੰਧਿਤ ਸਟਾੱਕ ਐਕਸਚੇਂਜ ਦੇ ਨਾਲ ਗੱਲ ਕਰ ਸਕਦੇ ਹੋ। ਜੇ ਤੁਸੀਂ ਤੁਹਾਡੀ ਸ਼ਿਕਾਇਤ ਦੇ ਸਮਾਧਾਨ ਦੇ ਨਾਲ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਮਾਮਲੇ ਨੂੰ ਤੇਜੀ ਦੇਣ ਲਈ SEBI ਕੋਲ ਲਿਜਾ ਸਕਦੇ ਹੋ।

20. ਧਿਆਨ ਦਿਓ ਕਿ ਸਾਰੇ ਸਟਾੱਕ ਬ੍ਰੋਕਰ/ਸਬ-ਬ੍ਰੋਕਰਾਂ ਨੂੰ SEBI ਵਲੋਂ ਸ਼ਿਕਾਇਤਾਂ ਖਾਸ ਕਰਨ ਲਈ ਲਾਜ਼ਮੀ ਕੀਤਾ ਗਿਆ ਹੈ ਕਿ ਰੋਸ ਸੁਧਾਰ ਵਿਭਾਗ/ਕਮਪਲਾ ਇੰਸ ਅਫਸਰ ਦੀ ਈਮੇਲ ID ਨਿਰਧਾਰਤ ਕੀਤੀ ਜਾਵੇ।